**E-ISSN:** 2583-9667
**Indexed Journal**
**Peer Reviewed Journal**
https://multiresearchjournal.theviews.in/

**Received: 18-12-2023**
**Accepted: 05-01-2024**

**INTERNATIONAL JOURNAL OF ADVANCE RESEARCH IN MULTIDISCIPLINARY**

**Volume 2; Issue 1; 2024; Page No. 168-170**

# ਅਖਾਣਾਂ ਅਤੇ ਲੋਕ-ਕਹਾਣੀ ਦਾ ਨੈਤਿਕਤਾ ਨਾਲ ਸੰਬੰਧ

**ਰਵਿੰਦਰ ਕੌਰ**

ਸਹਾਇਕ ਪ੍ਰੋਫੈਸਰ, ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਜਾਬ, ਭਾਰਤ

**Corresponding Author:** ਰਵਿੰਦਰ ਕੌਰ

**Introduction**

ਲੋਕ-ਸਾਹਿਤ` ਆਰੰਭ ਤੋਂ ਲੈ ਕੇ ਵਰਤਮਾਨ ਤਕ ਲੋਕਾਂ ਲਈ ਮਨੋਰੰਜਨ ਦਾ ਮਹੱਤਵਪੂਰਨ ਸਾਧਨ ਹੀ ਨਹੀਂ ਰਿਹਾ ਸਗੋਂ ਇਹ ਉਹਨਾਂ ਦੇ (ਲੋਕਾਂ ਦੇ) ਜੀਵਨ ਨੂੰ ਸੇਧ ਵੀ ਪ੍ਰਦਾਨ ਕਰਦਾ ਰਿਹਾ ਹੈ।[1] ਸਭਿਆਚਾਰਕ ਨੈਤਿਕਤਾ ਲਈ ਲੋਕ-ਸਾਹਿਤ ਦੇ ਰੂਪ ਅਖ਼ਾਣਾਂ-ਮੁਹਾਵਰੇ, ਲੋਕ-ਕਹਾਣੀਆਂ ਤੇ ਲੋਕ-ਗੀਤ ਆਦਿ ਪ੍ਰਮੁੱਖ ਸੋਮੇ ਵਜੋਂ ਦੇਖੇ ਜਾ ਸਕਦੇ ਹਨ। ਨੈਤਿਕਤਾ ਕਿਸੇ ਵੀ ਸਭਿਆਚਾਰ ਦਾ ਇੱਕ ਪ੍ਰਮੁੱਖ ਗੁਣ ਮੰਨੀ ਜਾਂਦੀ ਹੈ । ਇਸ ਲਈ ਅਸੀਂ ਅਕਸਰ ਹੀ ਆਪਣੇ ਬਜ਼ੁਰਗਾਂ ਤੋਂ ਅਜਿਹੀਆਂ ਗੱਲਾਂ ਜੋ ਉਹ ਅਕਸਰ ਅਖਾਣ/ਮੁਹਾਵਰੇ ਜਾਂ ਕਿਸੇ ਕਹਾਣੀ ਨੂੰ ਆਧਾਰ ਬਣਾ ਕੇ ਕਰਦੇ ਹਨ, ਕਰਦੇ ਨਿੱਤ ਹੀ ਸੁਣਦੇ ਰਹਿੰਦੇ ਹਾਂ। ਇਸ ਪਰਚੇ ਵਿੱਚ ਅਸੀਂ ਅਖਾਣਾਂ ਅਤੇ ਲੋਕ-ਕਹਾਣੀਆਂ ਬਾਰੇ ਨੈਤਿਕਤਾ ਅਤੇ ਪ੍ਰਤਿਮਾਨਾਂ ਨੂੰ ਆਧਾਰ ਬਣਾ ਕੇ ਗੱਲ ਕਰਾਂਗੇ।

ਅਖ਼ਾਣਾਂ/ਮੁਹਾਵਰੇ ਕਿਸੇ ਵੀ ਸਮਾਜ-ਸਭਿਆਚਾਰ ਦੀਆਂ ਅਟੱਲ ਸੱਚਾਈਆਂ ਦਾ ਨਿਚੋੜ ਅਖ਼ਾਣਾਂ/ਮੁਹਾਵਰਿਆਂ ਦੇ ਰੂਪ ਵਿਚ ਪ੍ਰਚੱਲਿਤ ਅਤੇ ਨਿਰੰਤਰ ਗਤੀਮਾਨ ਰਹਿੰਦਾ ਹੈ। "ਸੋ ਕਿਸੇ ਜਾਤੀ ਦੇ ਭਰਮਾਂ-ਵਹਿਮਾਂ, ਮਨੌਤਾਂ, ਰੀਤ-ਰਵਾਜਾਂ, ਜਾਦੂ-ਟੂਣਿਆਂ, ਵਿਆਹ-ਨਾਤਿਆਂ, ਚਜ-ਆਚਾਰ, ਸੂਝ-ਸਿਆਣਪ ਤੇ ਕਲਾ ਧਰਮ ਜਾਂ ਸੰਖੇਪ ਵਿੱਚ ਕੁਝ ਜਾਣਨਾ ਹੋਵੇ ਤਾਂ ਸੌਖਾ ਢੰਗ ਉਸ ਜਾਤੀ ਦੇ ਅਖ਼ਾਣਾਂ ਦਾ ਅਧਿਐਨ ਕਰਨਾ ਹੈ।"[2] "ਇਹ (ਅਖ਼ਾਣਾਂ/ਮੁਹਾਵਰੇ) ਸਿਆਣੇ ਲੋਕਾਂ ਦੁਆਰਾ ਲੱਭੇ ਗਏ ਜ਼ਿੰਦਗੀ ਦੇ ਸੱਚੇ ਤੱਥ ਹਨ, ਜੋ ਜੀਵਨ ਵਿਚ ਮਨੁੱਖਾਂ ਦੀ ਕਈ ਪੱਖਾਂ ਤੋਂ ਅਗਵਾਈ ਕਰਦੇ ਹਨ।"[3] ਕਿਸੇ ਵੀ ਸਮਾਜ ਦੇ ਲੋਕਾਂ ਦੀ ਮਾਨਸਿਕਤਾ ਨੂੰ ਜਾਣਨ ਲਈ ਅਖ਼ਾਣਾਂ ਅਤੇ ਮੁਹਾਵਰੇ ਅਹਿਮ ਰੋਲ ਅਦਾ ਕਰਦੇ ਹਨ। "ਅੰਗਰੇਜਾਂ ਨੇ ਇਸੇ ਕਰਕੇ ਭਾਰਤ ਦੇ ਲੋਕਾਂ ਦੇ ਨਿੱਤ ਦੇ ਜੀਵਨ ਸੰਬੰਧੀ ਪ੍ਰਚੱਲਿਤ ਵਿਚਾਰਾਂ ਤੋਂ ਜਾਣੂ ਹੋਣ ਲਈ, ਅਸਲੀ ਗਿਆਨ ਸੋਮੇ ਅਖਾਣਾਂ ਤੋਂ ਹੀ ਧੱਕਣ ਲਾਹ ਕੇ, ਇਸ ਵਿਚ ਝਾਕਿਆ ਤੇ ਭਿੰਨ-ਭਿੰਨ ਇਲਾਕਿਆ ਦੇ ਅਖਾਣ ਇਕੱਠੇ ਕਰਕੇ, ਡੂੰਘਾ ਅਧਿਐਨ ਕੀਤਾ।[4] "ਮੁਹਾਵਰੇ ਤੇ ਅਖ਼ਾਣਾਂ ਪ੍ਰਤਿਮਾਨਾਂ ਨੂੰ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤਕ ਪਹੁੰਚਾਉਣ ਲਈ ਮਹੱਤਵਪੂਰਨ ਰੋਲ ਅਦਾ ਕਰਦੇ ਹਨ। ਇਹ ਪੀੜ੍ਹੀਆਂ ਦੇ ਜੀਵਨ ਅਨੁਭਵ ਦੀ ਅਨੁਭੂਤੀ ਹੁੰਦੇ ਹਨ।...ਇਹ ਜ਼ਿੰਦਗੀ ਦੇ ਤਜ਼ਰਬਿਆ ਦਾ ਤੱਤ ਅਥਵਾ ਨਿਚੋੜ ਹਨ।"[5]

ਅਖ਼ਾਣਾਂ ਨੂੰ ਲੋਕ-ਸਿਆਣਪਾਂ ਦੇ ਵਰਗ ਵਿਚ ਰੱਖਿਆ ਜਾਂਦਾ ਹੈ, ਕਿਉਂਕਿ ਅਖ਼ਾਣਾਂ ਸਮਾਜਕ ਪੱਖ, ਦਰਜੇ, ਰੁਤਬੇ, ਬਾਰੇ ਬਣਾਈ ਗਈ ਲੋਕਮਨ ਦੀ ਰਾਇ ਹੁੰਦੀ ਹੈ, ਜੋ ਸਮਾਂ ਪਾ ਕੇ ਸੱਚ ਵਿਚ ਤਬਦੀਲ ਹੋ ਜਾਂਦੀ ਹੈ। ਹਰ ਸਮਾਜ-ਸਭਿਆਚਾਰ ਵਿਚ ਬਜ਼ੁਰਗਾਂ ਅਤੇ ਪਿੰਡ ਦੇ ਮੋਹਰੀ ਲੋਕਾਂ ਦਾ ਖ਼ਾਸ ਸਤਿਕਾਰ ਹੁੰਦਾ ਹੈ। ਇਸ ਸਤਿਕਾਰ ਦੀ ਅਹਿਮ ਵਜ੍ਹਾ ਅਜਿਹੇ ਲੋਕਾਂ ਦਾ ਤਜ਼ਰਬਾ ਅਤੇ ਕਿਸੇ ਪੱਖ ਨੂੰ ਵੇਖਣ ਦੀ ਖ਼ਾਸ ਸੂਝ ਹੁੰਦੀ ਹੈ। ਅਜਿਹਾ ਮੰਨਿਆ ਜਾਂਦਾ ਹੈ ਕਿ ਉਮਰ-ਦਰਾਜ ਲੋਕਾਂ ਨੇ ਜ਼ਿੰਦਗੀ ਦੀਆਂ ਖ਼ੁਸ਼ੀਆਂ-ਗ਼ਮੀਆਂ, ਸੱਚਾਈਆਂ, ਕਠਿਨਾਈਆਂ ਅਤੇ ਜ਼ਿੰਦਹੀ ਦੇ ਹਰ ਰੰਗ ਨੂੰ ਬਹੁਤ ਨੇੜਿਓਂ ਹੰਢਾਇਆ ਹੁੰਦਾ ਹੈ। ਇਸੇ ਕਰਕੇ ਪੰਜਾਬੀ ਸਭਿਆਚਾਰ `ਚ ਹੁਣ ਵੀ `ਸਿਆਣਿਆਂ ਦਾ ਆਖਿਆ ਤੇ ਔਲ਼ਿਆਂ ਦਾ ਖਾਧਾਂ ਬਾਅਦ `ਚ ਪਤਾ ਲੱਗਦਾ` ਵਰਗੀ ਅਖ਼ਾਣ ਪ੍ਰਚੱਲਿਤ ਹੈ। ਜਿਸ ਕਾਰਨ ਪਿੰਡ ਦੇ ਮੋਹਰੀ ਲੋਕਾਂ ਦੀ ਰਾਇ ਨੂੰ ਅਹਿਮ ਮਹੱਤਤਾ ਦਿੱਤੀ ਜਾਂਦੀ ਹੈ। ਵਣਜਾਰਾ ਬੇਦੀ ਵੀ ਲਗਭਗ ਅਜਿਹੀ ਹੀ ਰਾਇ ਅਖ਼ਾਣਾਂ ਬਾਰੇ ਰੱਖਦੇ ਹਨ,

> "ਇੰਜ ਪ੍ਰਤੀਤ ਹੁੰਦਾ ਹੈ ਕਿ ਜਦੋਂ ਮਨੁੱਖ ਦਾ ਅਨੁਭਵ ਜ਼ਰਾ ਸੰਘਣਾ, ਕਲਪਨਾ ਕੁਝ ਵਧੇਰੇ ਬਲਵਾਨ ਤੇ ਜੀਵਨ ਤਜ਼ਰਬਾ ਰਤੀ ਅਮੀਰ ਹੋਣਾ ਸ਼ੁਰੂ ਹੋਇਆ, ਉਦੋਂ ਤੋਂ ਹੀ ਮਨੁੱਖ ਜਾਤੀ ਵਿਚਕਾਰ ਅਖ਼ਾਣਾਂ ਦੀ ਉੱਤਪਤੀ ਵੀ ਹੋਣ ਲੱਗ ਪਈ। ਅਖ਼ਾਣ ਰਸੀ ਹੋਈ ਬੁੱਧੀ ਤੇ ਹੰਢੇ ਵਰਤੇ ਅਨੁਭਵ ਦੀ ਉਪਜ ਹਨ।"[6]

ਇਕ ਤਰ੍ਹਾਂ ਨਾਲ ਜੀਵਨ ਅਨੁਭਵ ਵਿਚੋਂ ਨਿੱਕਲੀ ਸੱਚਾਈ ਦੇ ਨਾਲ-ਨਾਲ ਕਈ ਵਾਰ ਅਸੀਮ ਸੱਚ ਵੀ ਜਾਪਣ ਲੱਗ ਜਾਂਦੀਆਂ ਹਨ। ਅਜਿਹਾ ਸੱਚ ਜੋ ਕਦੇ ਨਹੀਂ ਬਦਲਦਾ ਅਤੇ ਪਤਾ ਨਹੀਂ ਕਿੰਨੀਆਂ ਹੀ ਪੀੜ੍ਹੀਆਂ ਤੋਂ ਜੀਵਨ ਦੀ ਹਰ ਸਥਿਤੀ ਅਨੁਸਾਰ ਸੱਚ ਸਾਬਤ ਹੁੰਦਾ ਆ ਰਿਹਾ ਹੈ।

ਅਖ਼ਾਣ ਜੀਵਨ ਦੀ ਨੈਤਿਕਤਾ ਨੂੰ ਪ੍ਰਗਟਾਉਂਦੇ ਹਨ, ਜਿਸ ਕਰਕੇ ਇਹਨਾਂ ਦਾ ਸਿੱਧਾ ਸੰਬੰਧ ਪ੍ਰਤਿਮਾਨਾਂ ਨਾਲ ਆ ਜੁੜਦਾ ਹੈ। ਇਕ ਤਰ੍ਹਾਂ ਵੇਖਿਆ ਜਾਵੇ ਤਾਂ ਅਖ਼ਾਣ ਜੀਵਨ ਦਾ ਸੱਚ ਹਨ ਅਤੇ ਪ੍ਰਤਿਮਾਨ ਜੀਵਨ ਦੀ ਨਿਰੰਤਰਤਾ ਦੀ ਚੂਲ ਹਨ। ਅਜਿਹੇ ਕਿੰਨੇ ਹੀ ਜੀਵਨ ਪ੍ਰਤਿਮਾਨ ਹਨ ਜੋ ਅਖ਼ਾਣਾਂ ਦੇ ਰੂਪ ਵਿਚ ਵੇਖਣ ਨੂੰ ਮਿਲਦੇ ਹਨ। ਅਖਾਣਾਂ ਸਦਾਚਾਰਕ ਜੀਵਨ ਜਿਉਣ ਦੀ ਵੀ ਨਿਸ਼ਾਨਦੇਹੀ ਕਰਦੀਆਂ ਹਨ। ਇਸਦੇ ਨਾਲ ਹੀ ਇਕ ਵਿਅਕਤੀ ਦੁਆਰਾ ਦੂਜੇ ਵਿਅਕਤੀ ਦੀ ਮੱਦਦ ਕਰਨ ਨੂੰ ਵੀ ਅਖਾਣਾਂ ਦੇ ਰੂਪ ਵਿਚ ਵੇਖਿਆ ਜਾ ਸਕਦਾ ਹੈ। ਜੇਕਰ ਅਸੀਂ ਇਹ ਮੰਨਦੇ ਹਾਂ ਕਿ ਅਖਾਣਾਂ ਹੰਢੇ-ਵਰਤੇ ਗਿਆਨ ਦਾ ਨਿਚੋੜ ਹਨ ਤਾਂ ਅਜਿਹਾ ਗਿਆਨ ਲਾਜ਼ਮੀ ਹੀ ਸਾਨੂੰ ਅਖਾਣਾਂ ਤੋਂ ਪ੍ਰਾਪਤ ਵੀ ਹੁੰਦਾ ਹੈ। ਜੋ ਕਿ ਜੀਵਨ ਨੂੰ ਸਹੀ ਦਿਸ਼ਾ-ਨਿਰਦੇਸ਼ ਪ੍ਰਦਾਨ ਕਰਦਾ ਹੈ। ਅਜਿਹੇ ਕਿੰਨੇ ਹੀ ਅਖਾਣਾਂ ਦੀ ਅਸੀਂ ਨਿਰੰਤਰ ਵਰਤੋਂ ਕਰਦੇ ਹਾਂ, ਜਿਵੇਂ:- `ਮਿਠਤੁ ਨੀਵੀਂ ਨਾਨਕਾ, ਗੁਣ ਚੰਗਿਆਈਆਂ ਤੱਤ`, ਅੰਤ ਭਲੇ ਦਾ ਭਲਾ, ਨੇਕੀ ਕਰ ਖ਼ੂਹ ਵਿਚ ਪਾ, ਕਰ ਭਲਾ ਸੋ ਹੋ ਭਲਾ, ਨਿਵੈ ਸੋ ਗਉਰਾ ਹੋਇ ਆਦਿ। ਇਹਨਾਂ ਵਿਚੋਂ ਕਈ ਅਖਾਣ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਦਰਜ ਹਨ। ਇਸਦਾ ਮਤਲਬ ਧਰਮ ਜਿਹੜੇ ਆਦਰਸ਼ਾਂ ਨੂੰ ਆਪਣੇ ਅਨੁਆਈਆਂ ਲਈ ਸਿਰਜਦਾ ਹੈ,ਉਹ ਆਦਰਸ਼ ਜੀਵਨ ਵਿਚੋਂ ਹੀ ਪ੍ਰਾਪਤ ਹੁੰਦੇ ਹਨ। ਸਾਨੂੰ ਜੀਵਨ ਆਦਰਸ਼ਾਂ ਪ੍ਰਤੀ ਹੀ ਨਹੀਂ, ਬਲਕਿ ਜਾਤ-ਪਾਤ ਤੇ ਔਰਤ-ਮਰਦ ਦੇ ਰਿਸ਼ਤਿਆਂ ਸੰਬੰਧੀ ਵੀ ਕਈ ਅਖ਼ਾਣ ਦੇਖਣ ਮਿਲ ਜਾਂਦੇ ਹਨ, ਜਿਵੇਂ :- ਜਾਤ ਦੀ ਕੋਹੜ ਕਿਰਲੀ ਛਤੀਰਾਂ ਨਾਲ ਜੱਫ਼ੇ, ਕਮੀਨੇ ਦੀ ਯਾਰੀ ਠੂਹਿੰਆਂ ਦਾ ਡੰਗ, ਸੌਕਣ ਸਹੇਲੀ ਨੀਂ ਤੇ ਲੁਬਾਣਾ ਬੇਲੀ ਨੀਂ, ਛੱਜ ਤਾਂ ਬੋਲੇ ਛਾਣਨੀ ਕੀ ਬੋਲੇ, `ਆਕੜ ਚੂਹੜੇ ਦੀ, ਲੇਸ ਲਸੂੜੇ ਦੀ`, ਜੱਟ ਭੇਲੀ ਦੇਵੇ ਗੰਨਾ ਨਾ ਦੇਵੇ, `ਜੱਟ, ਫੱਟ ਤੇ ਪੱਟ ਬੱਧੇ ਹੀ ਚੰਗੇ`, `ਰੰਨ ਪੈਰ ਦੀ ਜੁੱਤੀ ਥੋੜ੍ਹੀ ਹੰਢਾਇ ਕਿ ਬਹੁਤੀ`, `ਤੀਵੀਂ ਦੀ ਕਮਾਈ `ਚ ਬਰਕਤ ਨਹੀਂ ਹੁੰਦੀ`, `ਰੰਨ ਜੱਟੀ ਹੋਰ ਸਭ ਚੱਟੀ`।

ਇਸ ਤਰ੍ਹਾਂ ਅਸੀਂ ਕਈ ਅਜਿਹੇ ਅਖਾਣ ਵੇਖਣ ਨੂੰ ਮਿਲਦੇ ਹਨ ਜੋ ਕਿਸੇ ਨਾ ਕਿਸੇ ਰੂਪ ਵਿਚ ਮਰਦ ਪ੍ਰਧਾਨ ਸਮਾਜ ਦੇ ਹੱਕ ਵਿਚ ਖਲੋ ਜਾਂਦੇ ਹਨ। ਇਸ ਤਰ੍ਹਾਂ ਦੇ ਅਖਾਣ ਸ਼ਾਇਦ ਸਮਾਂ ਵਿਹਾ ਚੁੱਕੇ ਹੋਣ ਕਾਰਨ ਕਈ ਵਾਰ ਢੁਕਵੇਂ ਨਹੀਂ ਜਾਪਦੇ, ਪਰੰਤੂ ਸਭਿਆਚਾਰ ਚੋੇੇਂ ਬਿਲਕੁਲ ਮਨਫ਼ੀ ਨਹੀਂ ਹੁੰਦੇ। ਇਸੇ ਤਰ੍ਹਾਂ ਜਾਤ ਜਾਂ ਸ਼ਰੇਣੀ ਵੰਡ ਪੰਜਾਬੀ ਸਭਿਆਚਾਰ ਦਾ ਅਹਿਮ ਅਮਗ ਬਣੇ ਹੋਏ ਹਨ, ਸ਼ਾਇਦ ਇਸੇ ਕਾਰਨ ਇਕ ਜਾਤ ਨਾਲ ਸੰਬੰਧਿਤ ਲੋਕਾਂ ਨੇ ਦੂਜੀਆਂ ਜਾਤਾਂ ਨਾਲ ਸੰਬੰਧਿਤ ਲੋਕਾਂ ਲਈ ਕੁਝ ਅਖਾਣ ਸਿਰਜ ਲਏ ਹਨ। ਇਸ ਤਰ੍ਹਾਂ ਅਖਾਣਾਂ ਦੇ ਰੂਪ ਵਿਚ ਸਾਨੂੰ ਬਹੁਤ ਸਾਰੇ ਪ੍ਰਤਿਮਾਨ ਸਮਾਜ `ਚ ਭ੍ਰਮਣ ਕਰਦੇ ਨਜ਼ਰ ਆਉਂਦੇ ਹਨ।

ਲੋਕ-ਕਹਾਣੀਆਂ ਜਿਹਨਾਂ ਵਿਚ ਬਾਤਾਂ, ਦੰਤ-ਕਥਾਵਾਂ, ਪਰੀ-ਕਥਾਵਾਂ ਆਦਿ ਸ਼ਾਮਿਲ ਹਨ, ਰਾਹੀਂ ਮਨੁੱਖ ਨੂੰ ਬਚਪਨ ਤੋਂ ਹੀ ਬਹਾਦਰੀ, ਦਾਨ-ਪੁੰਨ, ਲੋਕ-ਭਲਾਈ ਆਦਿ ਨੈਤਿਕ ਮੁੱਲਾਂ ਨਾਲ ਜੋੜਨ ਦੀ ਕੋਸ਼ਿਸ਼ `ਤੇ ਜ਼ੋਰ ਦਿੱਤਾ ਜਾਂਦਾ ਹੈ। ਜਿਵੇਂ:- ਪੂਰਨ-ਭਗਤ, ਦੁੱਲ੍ਹਾ ਭੱਟੀ, ਰਾਜੇ-ਰਾਣੀਆਂ ਦੀਆਂ ਕਹਾਣੀਆਂ ਨੂੰ ਇਹਨਾਂ ਵਿਚ ਸ਼ਾਮਿਲ ਕੀਤਾ ਜਾ ਸਕਦਾ ਹੈ। ਲੋਕ-ਕਹਾਣੀਆਂ ਨਾਲੋਂ ਲੋਕ-ਗਾਥਾ/ਕਥਾ ਸ਼ਬਦ ਵਧੇਰੇ ਪ੍ਰਚੱਲਿਤ ਰਿਹਾ ਹੈ। ਸਟੈਂਡਰਡ ਡਿਕਸ਼ਨਰੀ ਆਫ਼ ਫ਼ੋਕਲੋਰ ਅਨੁਸਾਰ, "ਮਿਥਿਕ-ਕਥਾ ਇੱਕ ਕਹਾਣੀ ਹੈ ਜਿਹੜੀ ਬੀਤੇ ਯੁੱਗ ਦੀ ਹਕੀਕਤ ਵਜੋਂ ਲੋਕਾਂ ਦੀ ਬ੍ਰਹਿਮੰਡੀ ਚੇਤਨਾ, ਉਹਨਾਂ ਦੇ ਦੇਵਤੇ, ਨਾਇਕ ਸਭਿਆਚਾਰ ਅਤੇ ਧਾਰਮਿਕ ਲੱਛਣਾਂ ਨੂੰ ਬਿਆਨ ਕਰਦੀ ਹੈ।"[7] ਲੋਕ-ਕਥਾਵਾਂ ਦਾ ਮੁੱਖ ਮੰਤਵ ਕਿਸੇ ਸਭਿਆਚਾਰ ਦੇ ਚੰਗੇ ਗੁਣਾਂ ਨੂੰ ਅੱਗੇ ਤੋਰਨ ਅਤੇ ਮਾੜ੍ਹਾ ਕਰਨ ਦੀ ਵਰਜਨਾ ਹੈ। ਇਹਨਾਂ ਵਿਚ ਕਿਸੇ ਲੋਕ ਨਾਇਕ ਦੀ ਵਡਿਆਈ ਅਤੇ ਮੰਦੇ ਵਿਅਕਤੀ ਦੀ ਹਾਰ ਸ਼ਾਮਿਲ ਹੁੰਦੀ ਹੈ। ਇਹਨਾਂ ਕਥਾਵਾਂ ਵਿਚ "ਲੋਕਾਂ ਨੇ ਜਿੱਥੇ ਆਪਣੇ ਮਨਪਸੰਦ ਨਾਇਕ-ਨਾਇਕਾਵਾਂ ਦੀਆਂ ਖ਼ੂਬੀਆਂ ਉਜਾਗਰ ਕੀਤੀਆਂ ਹਨ, ਉਥੇ ਮੰਦੇ ਮਨੁੱਖਾਂ ਦੇ ਦੁਰਾਚਾਰ ਤੇ ਮੰਦੇ ਰਾਜ (ਸਮਾਜ) ਦੇ ਅਤਿਆਚਾਰਾਂ ਦੀ ਛਿੱਲ ਵੀ ਲਾਹੀ ਹੈ।"[8] ਬਹੁਤ ਹੀ ਦਿਲਚਸਪ ਗੱਲ ਇਹ ਹੈ ਕਿ ਇਹਨਾਂ ਕਥਾਵਾਂ ਦੇ ਪਾਤਰ ਅਤੇ ਪਲਾਟ ਕਈ ਵਾਰ ਵੱਖ-ਵੱਖ ਹੁੰਦੇ ਹਨ, ਪਰੰਤੂ ਇਹਨਾਂ ਦਾ ਸਿੱਟਾ ਇਕੋ ਹੀ ਰਹਿੰਦਾ ਹੈ। ਇਸੇ ਕਾਰਨ ਸਾਨੂੰ ਮਿਲਦੀ-ਜੁਲਦੀ ਕਹਾਣੀ ਕਈ ਵਾਰ ਵੱਖ-ਵੱਖ ਪਾਤਰਾਂ ਦੇ ਰੂਪ ਵਿਚ ਸੁਣਨ ਨੂੰ ਮਿਲਦੀ ਹੈ। ਕੋਲ-ਕਥਾਵਾਂ ਦੀ ਵਿਆਖਿਆਂ ਤੋਂ ਪਹਿਲਾਂ ਅਸੀਂ ਕੁਝ ਪਰਿਭਾਸ਼ਾਵਾਂ ਦੇਖ ਸਕਦੇ ਹਾਂ। ਵਣਜਾਰਾ ਬੇਦੀ,

> "ਹਰ ਜਾਤੀ ਦੀਆਂ ਪੁਰਾਣ ਕਥਾਵਾਂ ਉਸਦੀਆਂ ਆਪਣੀਆਂ ਸਭਿਆਚਾਰਕ ਰੂੜ੍ਹੀਆਂ, ਪ੍ਰਬਲ ਮਨੋਵਿਰਤੀਆਂ ਤੇ ਸਮੂਹਿਕ ਚਰਿਤ੍ਰ ਵਿਚੋਂ ਉਪਜੀਆਂ ਹੋਣ ਕਰਕੇ, ਨਵੇਕਲੀਆਂ ਹੁੰਦੀਆਂ ਹਨ।"[9]
>
> ਪੰਜਾਬੀ ਸਾਹਿਤ-ਕੋਸ਼ ਅਨੁਸਾਰ,
>
> "ਗਾਥਾ ਉਹ ਕਥਾ ਹੁੰਦੀ ਹੈ ਜਿਸ ਵਿਚ ਕਿਸੇ ਪ੍ਰਸਿੱਧ ਘਟਨਾ ਜਾਂ ਪਾਤਰ ਦਾ ਵਰਣਨ ਹੋਵੇ।"[10]

**ਭੁਪਿੰਦਰ ਸਿੰਘ ਖਹਿਰਾ ਅਨੁਸਾਰ,**

"ਗਾਥਾ ਉਹ ਕਥਾ ਹੁੰਦੀ ਹੈ, ਪੂਰਵ-ਇਤਿਹਾਸਕ ਕਾਲ ਵਿਚ ਸਚਮੁੱਚ ਵਾਪਰੀ ਮੰਨੀ ਜਾਂਦੀ ਹੈ। ਇਸ ਵਿੱਚ ਕਿਸੇ ਤੱਥ ਦੀ ਵਿਆਖਿਆ ਹੁੰਦੀ ਹੈ ਤੇ (ਸੰਬੰਧਿਤ) ਜਾਤੀ ਦੀ ਕਿਸੇ ਨਾ ਕਿਸੇ ਸਮੇਂ ਇਸ ਵਿਚ ਧਾਰਮਕ ਆਸਥਾ ਰਹੀ ਹੁੰਦੀ ਹੈ।"[11]

ਇਹਨਾਂ ਪਰਿਭਾਸ਼ਾਵਾਂ ਵਿਚ ਲੋਕ-ਕਹਾਣੀਆਂ ਦੀਆਂ ਵਿਸ਼ੇਸ਼ਤਾਵਾਂ ਜਿਵੇਂ ਕਿ ਲੋਕ-ਰੂੜ੍ਹੀਆਂ ਦਾ ਵਰਣਨ, ਸਮੂਹਿਕਤਾ, ਨਾਇਕਤਵ, ਜਾਤੀਗਤ ਵਿਭਿੰਨਤਾ ਆਦਿ ਸ਼ਾਮਿਲ ਹੁੰਦੇ ਹਨ।

ਇਸ ਗੱਲ ਦਾ ਜ਼ਿਕਰ ਅਸੀਂ ਪਿੱਛੇ ਵੀ ਕਰ ਆਏ ਹਾਂ ਕਿ ਲੋਕ-ਕਥਾਵਾਂ ਵਿਚ ਦੰਤ-ਕਥਾਵਾਂ, ਮਿੱਥ-ਕਥਾਵਾਂ, ਜਨੌਰ-ਕਥਾਵਾਂ ਆਦਿ ਸ਼ਾਮਿਲ ਹਨ। ਇਹਨਾਂ ਕਥਾਵਾਂ ਰਾਹੀਂ ਨੈਤਿਕ ਮੁੱਲਾਂ ਨੂੰ ਅੱਗੇ ਤੋਰਨ ਦੀ ਜ਼ਿੰਮੇਵਾਰੀ ਔਰਤ ਦੀ ਹੁੰਦੀ ਹੈ। ਇਸੇ ਕਰਕੇ ਸ਼ਾਇਦ ਬੱਚਿਆਂ ਦੇ ਸੰਸਕਾਰਾਂ ਨੂੰ ਮਾਂ (ਔਰਤ) ਦੇ ਨਾਂ ਨਾਲ ਜੋੜਿਆ ਜਾਂਦਾ ਹੈ। ਅਸੀਂ ਬਚਪਨ ਤੋਂ ਕਿੰਨੀਆਂ ਹੀ ਕਹਾਣੀਆਂ ਸੁਣਦੇ ਹਾਂ ਜਿਹਨਾਂ `ਚ ਜਿੱਤ ਹਮੇਸ਼ਾ ਚੰਗਿਆਈ ਦੀ ਹੀ ਹੁੰਦੀ ਹੈ। ਅਜਿਹੀਆਂ ਕਹਾਣੀਆਂ ਦੇ ਸਿੱਟੇ ਹਮੇਸ਼ਾ ਆਦਰਸ਼ਾਤਮਕ, ਮੰਤਵਮੁਖੀ, ਉਤਸ਼ਾਹ ਭਰਪੂਰ ਅਤੇ ਸਕਾਰਾਤਮਕ ਹੁੰਦੇ ਹਨ। ਬੱਚਿਆਂ ਨੂੰ ਚੰਗੇ ਸੰਸਕਾਰ ਦੇਣ ਲਈ ਪੜ੍ਹਾਈ ਦੇ ਕੋਰਸਾਂ ਵਿਚ ਵੀ ਪਿਆਸਾ ਕਾਂ, ਲਾਲਚੀ ਕੁੱਤਾ, ਕਾਂ ਅਤੇ ਲੂੰਮੜੀ ਵਰਗੀਆਂ ਕਹਾਣੀਆਂ ਪੜ੍ਹਾਈਆਂ ਜਾਂਦੀਆਂ ਹਨ। ਜਿਹਨਾਂ ਦਾ ਸਿੱਟਾ ਲਾਲਚ ਬੁਰੀ ਬਲਾ, ਜਿਥੇ ਚਾਹ ਉਥੇ ਰਾਹ ਆਦਿ ਨਿੱਕਲਦਾ ਹੈ। ਇਹਨਾਂ ਬਚਪਨ ਦੇ ਸਿੱਟਿਆਂ ਨੂੰ ਵਿਅਕਤੀ ਸਾਰੀ ਉਮਰ ਨਾਲ ਲੈ ਕੇ ਚੱਲਦਾ ਹੈ ਅਤੇ ਜੀਵਨ ਦੇ

ਹਰ ਪੜ੍ਹਾਅ `ਤੇ ਇਹਨਾਂ ਨੂ ਸਹੀ ਪਾਉਂਦਾ ਹੈ। ਜਿਸ ਨਾਲ ਇਹੀ ਕਹਾਣੀਆਂ ਆਪਣੇ ਸਹੀ ਸਿੱਟਿਆਂ ਕਾਰਨ ਪੀੜ੍ਹੀ ਦਰ ਪੀੜ੍ਹੀ ਅੱਗੇ ਤੁਰਦੀਆਂ ਰਹਿੰਦੀਆਂ ਹਨ। ਇਹੀ ਸਿੱਟੇ ਜੋ ਲੋਕ-ਕਹਾਣੀਆਂ ਪ੍ਰਦਾਨ ਕਰਦੀਆਂ ਹਨ, ਉਹ ਪ੍ਰਤਿਮਾਨਾਂ ਦੇ ਰੂਪ ਵਿਚ ਅਪਣਾ ਲਏ ਜਾਂਦੇ ਹਨ।

ਲੋਕ-ਕਹਾਣੀਆਂ ਸਮੇਂ ਨਾਲ ਕਈ ਵਾਰ ਬਦਲ ਨੂੰ ਵੀ ਗ੍ਰਹਿਣ ਕਰਦੀਆਂ ਹਨ। ਪਹਿਲਾਂ ਹਰ ਸਮਾਜ ਦਾ ਵਰਤਮਾਨ ਜੀਵਨ ਵਿਵਹਾਰ ਪ੍ਰਤਿਮਾਨਾਂ ਨੂੰ ਨਿਰਧਾਰਿਤ ਕਰਦਾ ਹੈ ਅਤੇ ਮੁੜ੍ਹ ਇਹ ਪ੍ਰਤਿਮਾਨ ਜੀਵਨ ਨੂੰ ਨਿਰਧਾਰਿਤ ਕਰਨਾ ਆਰੰਭ ਕਰ ਦਿੰਦੇ ਹਨ। ਇਹ ਗੱਲ ਕਈ ਵਾਰ ਲੋਕ ਕਹਾਣੀਆਂ ਦੇ ਕਥਾਨਕ ਜਾਂ ਸਿੱਟਿਆਂ `ਤੇ ਭਾਰੀ ਪੈਣੀ ਆਰੰਭ ਹੋ ਜਾਂਦੀ ਹੈ। ਜਿਵੇਂ ਅਸੀਂ ਜੇਕ ਮਿੱਥਕ ਕਥਾ ਦੀ ਗੱਲ ਕਰੀਏ ਤਾਂ ਰਮਾਇਣ ਦੀ ਪੂਰੀ ਕਹਾਣੀ ਹੰਕਾਰ ਦੇ ਅੰਤ ਹੋਣ ਦੇ ਵਜੋਂ ਸੁਣਾਈ ਜਾਂਦੀ ਹੈ। ਜਿਸ ਵਿਚ ਰਾਵਣ ਦੇ ਸਾਮਰਾਜ ਦਾ ਅੰਤ ਹੁੰਦਾ ਹੈ ਅਤੇ ਰਾਮ ਦੀ ਜਿੱਤ। ਦੁਸਹਿਰਾ ਵੀ ਇਸੇ ਸੰਦਰਭ ਵਿਚ ਮਨਾਇਆ ਜਾਂਦਾ ਹੈ। ਪਰੰਤੂ ਵਰਤਮਾਨ ਸਮੇਂ ਵਿਚ ਰਾਵਣ ਨੂੰ ਜ਼ਿਆਦਾਤਰ ਬੁੱਧਿਮਾਨ ਵਿਅਕਤੀ ਗਲਤ ਨਹੀਂ ਮੰਨਦੇ ਅਤੇ ਉਸਦੇ ਹਿੱਤ ਵਿਚ ਖੜ੍ਹੇ ਹੁੰਦੇ ਹਨ। ਕਾਰਨ ਕਿੰਨੇ ਹੀ ਹਨ ਜਿਵੇਂ ਕਿ ਰਾਵਣ ਦਾ ਸਰੂਪਨਖ਼ਾ ਦਾ ਬਦਲਾ ਲੈਣਾ, ਰਾਵਣ ਦੁਆਰਾ ਸੀਤਾ ਦਾ ਸਤ ਭੰਗ ਨਾ ਕੀਤੇ ਜਾਣਾ ਆਦਿ। ਹੁਣ ਜੇ ਵੇਖਿਆ ਜਾਵੇ ਤਾਂ ਸਾਡਾ ਸਮਾਜ ਰਾਵਣ ਦੇ ਸਿਧਾਂਤਾ ਦੇ ਮੇਚਦਾ ਤਕ ਨਹੀਂ, ਫਿਰ ਵੀ ਲੋਕ ਰਾਵਣ ਨੂੰ ਕਲਾ ਕੇ ਖ਼ੁਸ਼ੀ ਮਹਿਸੂਸ ਕਰਦੇ ਹਨ। ਇਸਦੇ ਵਿਰੁੱਧ ਜੇਕਰ ਰਾਮ ਨੂੰ ਇਕ ਨਾਇਕ ਦੇ ਤੌਰ `ਤੇ ਪਰਖਿਆ ਜਾਵੇ ਤਾਂ ਰਾਮ ਵੀ ਸ਼ਾਇਦ ਨਾਇਕਤਵ ਦੇ ਸਾਰੇ ਪੈਮਾਨਿਆਂ `ਤੇ ਖਰੇ ਨਹੀਂ ਉੱਤਰਦੇ। ਜਿਵੇਂ ਇਸੇ ਸੰਦਰਭ `ਚ ਬਿਹਾਰ ਦੇ ਇੱਕ ਵਿਅਕਤੀ ਠਾਕੁਰ ਚੰਦਨ ਕੁਮਾਰ ਸਿੰਘ ਨੇ ਭਗਵਾਨ ਰਾਮ ਦੇ ਵਿਰੁੱਧ ਕੇਸ ਕੀਤਾ ਹੈ ਕਿਉਂਕਿ ਉਹਨਾਂ ਨੇ ਕਿਸੇ ਧੋਬੀ ਦੀਆਂ ਗੱਲਾਂ ਕਰਕੇ ਸੀਤਾ ਨੂੰ ਗਰਭ-ਅਵਸਥਾ ਦੌਰਾਨ ਤਿਆਗ ਦਿੱਤਾ ਸੀ। ਜਿਸ ਤੋਂ ਬਾਅਦ ਸੀਤਾ ਦਾ ਜੀਵਨ ਜੰਗਲ ਵਿਚ ਕਠਿਨਾਈਆਂ ਵਿਚ ਬਤੀਤ ਹੋਇਆ।[12]

ਇਸੇ ਤਰ੍ਹਾਂ ਹੀ ਪੂਰਨ ਭਗਤ ਦੀ ਕਥਾ ਦਾ ਦਵੰਦ ਪੇਸ਼ ਹੁੰਦਾ ਹੈ। ਸ਼ਿਵ ਕੁਮਾਰ ਦੇ ਲੂਣਾ ਲਿਖਣ ਤੋਂ ਪਹਿਲਾਂ ਸਿਰਫ਼ ਇਕੋ ਪੱਖ ਨੂੰ ਉਜਾਗਰ ਕੀਤਾ ਜਾਂਦਾ ਸੀ ਕਿ ਲੂਣਾ ਦਾ ਪੂਰਨ ਨਾਲ ਅਸਮਾਜਿਕ ਰਿਸ਼ਤਾ ਰੱਖਣ ਦੀ ਗੱਲ ਕਰਨਾ ਨਜਾਇਜ਼ ਸੀ। ਪਰੰਤੂ ਸ਼ਿਵ ਦੀ ਲੂਣਾ ਇਸ ਵਿਚਾਰ ਨੂੰ ਨਿੰਦਣਯਗ ਕਰਾਰ ਦਿੰਦੀ ਹੈ। ਸ਼ਿਵ ਲੂਣਾ ਦਾ ਪੱਖ ਲੈ ਕੇ ਸਮਾਜ ਤੋਂ ਇਹ ਸਵਾਲ ਕਰਦਾ ਹੈ ਕਿ ਲੂਣਾ ਅਤੇ ਸਲਵਾਨ ਦਾ ਅਣਜੋੜ ਵਿਆਹ ਵੀ ਤਾਂ ਪ੍ਰਸ਼ਨਚਿੰਨ੍ਹ ਦਾ ਧਾਰਨੀ ਹੈ।

ਉਪਰੋਕਤ ਚਰਚਾ ਉਪਰੰਤ ਅਸੀਂ ਕਹਿ ਸਕਦੇ ਹਾਂ ਕਿ ਭਾਵੇਂ ਅਖਾਣਾਂ/ਮੁਹਾਵਰੇ ਅਤੇ ਲੋਕ-ਕਹਾਣੀਆਂ ਸਮਾਜ ਨੂੰ ਸੇਧਿਤ ਕਰਨ ਲਈ ਅੱਜ ਵੀ ਕਾਰਜਗਤ ਹਨ, ਪਰੰਤੂ ਫਿਰ ਵੀ ਸਮਾਜ ਵਿਚੋਂ ਆ ਰਹੀਆਂ ਤਬਦੀਲੀਆਂ ਕਾਰਨ ਕੁਝ ਕੁ ਲੋਕ-ਕਹਾਣੀਆਂ ਨਾਲ ਕਈ ਵਾਰ ਵਰਤਮਾਨ ਸਮਾਜ ਪੂਰਨ ਤੌਰ ‘ਤੇ ਸਹਿਮਤੀ ਨਹੀਂ ਜਤਾਉਂਦਾ। ਫਿਰ ਵੀ ਇਹਨਾਂ ਲੋਕ-ਸਾਹਿਤ ਦੇ ਦੇ ਵਡਮੁੱਲੇ ਰੂਪਾਂ ਦੀ ਕੀਮਤ ਨੂੰ ਅਸੀਂ ਅੱਜ ਵੀ ਨਕਾਰ ਨਹੀਂ ਸਕਦੇ।

**ਹਵਾਲੇ**


1. ਡਾ. ਕੁਲਵਿੰਦਰ ਸਿੰਘ, ਪੰਜਾਬੀ ਸਭਿਆਚਾਰ ਵਿਚ ਅਖ਼ਾਣਾਂ ਦਾ ਇਤਿਹਾਸਿਕ ਮਹੱਤਵ`, ਸਭਿਆਚਾਰਕ ਪਤ੍ਰਿਕਾ, ਅੰਕ.9, 2011, ਪੰਨਾ. 95
2. ਸ.ਸ. ਵਣਜਾਰਾ ਬੇਦੀ, ਲੋਕ ਆਖਦੇ ਹਨ, ਆਰਸੀ ਪਬਲਿਸ਼ਰਜ਼, ਨਵੀਂ ਦਿੱਲੀ, 2018, ਪੰਨਾ.25
3. ਸੁਰਿੰਦਰ ਸਿੰਘ ਕੋਹਲੀ ਅਤੇ ਬਚਨ ਸਿੰਘ ਮੁੰਦਰਾ, ਪੰਜਾਬੀ ਅਖਾਣ ਕੋਸ਼, ਪੰਨਾ.ਸ
4. ਸ਼.ਸ. ਬੇਦੀ, ਲੋਕ ਆਖਦੇ ਹਨ, ਆਰਸੀ ਪਬਲਿਸ਼ਰਜ਼, ਨਵੀਂ ਦਿੱਲੀ, 2018, ਪੰਨਾ. 24
5. ਬਿਕਰਮ ਸਿੰਘ ਘੁੰਮਣ (ਸੰਪਾ.), ਪੰਜਾਬੀ ਮੁਹਾਵਰਾ ਤੇ ਅਖਾਣ ਕੋਸ਼, ਪੰਨਾ.7
6. ਸ.ਸ. ਵਣਜਾਰਾ ਬੇਦੀ, ਲੋਕ ਆਖਦੇ ਹਨ, ਆਰਸੀ ਪਬਲਿਸ਼ਰਜ਼, ਨਵੀਂ ਦਿੱਲੀ, 2018, ਪੰਨਾ.22
7. ਭੁਪਿੰਦਰ ਸਿੰਘ ਖਹਿਰਾ, ਲੋਕਧਾਰਾ ਭਾਸ਼ਾ ਅਤੇ ਸਭਿਆਚਾਰ, ਪੰਨਾ. 33
8. ਪਿਆਰਾ ਸਿੰਘ ਪਦਮ, ਲੋਕਧਾਰਾ ਦਾ ਇਤਿਹਾਸਕ ਪੱਖ, ਖੋਜ ਪਤ੍ਰਿਕਾ, ਐਕ 42, ਪੰਨਾ. 1
9. ਭੁਪਿੰਦਰ ਸਿੰਘ ਖਹਿਰਾ, ਲੋਕਧਾਰਾ ਭਾਸ਼ਾ ਅਤੇ ਸਭਿਆਚਾਰ, ਪੰਨਾ. 19
10. ਬਲਬੀਰ ਸਿੰਘ ਪੂਨੀ, ਪੰਜਾਬੀ ਲੋਕਧਾਰਾ ਅਤੇ ਸਭਿਆਚਾਰ, ਪੰਨਾ. 69
11. ਭੁਪਿੰਦਰ ਸਿੰਘ ਖਹਿਰਾ, ਲੋਕਧਾਰਾ ਭਾਸ਼ਾ ਅਤੇ ਸਭਿਆਚਾਰ, ਪੰਨਾ. 19
12. ਹਿੰਦੁਸਤਾਨ ਟਾਈਮਜ਼ 2 ਫ਼ਰਵਰੀ, 2018



**Creative Commons (CC) License**

This article is an open access article distributed under the terms and conditions of the Creative Commons Attribution (CC BY 4.0) license. This license permits unrestricted use, distribution, and reproduction in any medium, provided the original author and source are credited.